# BUDHA DAL PUBLIC SCHOOL, PATIALA
## Final Examination (21 February 2025)
### Class - XI
### Paper - Punjabi (104) (Set - A)

**Time: 3 hrs.** **MM: 80**

ਆਮ ਨਿਰਦੇਸ਼:

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

---

**ਅਡਵਾਂਸ ਪੜ੍ਹਨ ਕੌਸ਼ਲ**

**ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ:** **(8)**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਅੰਗਰੇਜ਼ਾਂ ਵੱਲੋਂ ਈਸਾਈ ਮਿਸ਼ਨ ਲੁਧਿਆਣੇ ਵਿੱਚ 1837 ਈ. ਵਿੱਚ ਸਥਾਪਤ ਹੋਇਆ। ਇਸ ਮਿਸ਼ਨ ਨੂੰ 'ਲੁਧਿਆਣਾ ਮਿਸ਼ਨ' ਕਿਹਾ ਜਾਂਦਾ ਹੈ। ਇਸ ਮਿਸ਼ਨ ਦੇ ਕਰਮਚਾਰੀ ਈਸਾਈ ਮਤ ਦੇ ਪਰਚਾਰ ਦੀ ਖ਼ਾਤਰ ਹਜ਼ਾਰਾਂ ਮੀਲ ਦਾ ਪੰਧ ਕੱਟ ਕੇ ਭਾਰਤ ਪੁੱਜੇ ਸਨ। ਪਰਚਾਰ ਦੀ ਖ਼ਾਤਰ ਉਨ੍ਹਾਂ ਅੰਦਰ ਬੜਾ ਜੋਸ਼ ਸੀ, ਪਰ ਉਨ੍ਹਾਂ ਦੇ ਰਸਤੇ ਵਿੱਚ ਕਈ ਕਠਿਨਾਈਆਂ ਸਨ, ਜਿਨ੍ਹਾਂ ਨੂੰ ਉਨ੍ਹਾਂ ਨੇ ਪਾਰ ਕਰਨਾ ਸੀ। ਇਸ ਮਿਸ਼ਨ ਦਾ ਵੱਡਾ ਕੇਂਦਰ ਸੀਰਾਮਪੁਰ ਵਿੱਚ ਸੀ। ਜਿੱਥੇ ਮਿਸ਼ਨ ਨੇ ਆਪਣਾ ਛਾਪਾਖਾਨਾ ਕਾਇਮ ਕੀਤਾ, ਜਿਸ ਵਿੱਚ ਉਹ ਭਾਰਤ ਦੀਆਂ ਵੱਖ-ਵੱਖ ਬੋਲੀਆਂ ਵਿੱਚ ਬਾਈਬਲ (ਇੰਜੀਲ) ਛਾਪ ਕੇ ਜਨਤਾ ਤੱਕ ਪੁਚਾਉਣਾ ਚਾਹੁੰਦੇ ਸਨ। ਇਸ ਛਾਪੇਖਾਨੇ ਵਿੱਚ ਛਪੀ ਪੰਜਾਬੀ ਇੰਜੀਲ ਹੀ ਪੰਜਾਬੀ ਦੀ ਸਭ ਤੋਂ ਪਹਿਲੀ ਪ੍ਰਕਾਸ਼ਨਾ ਸੀ, ਜਿਹੜੀ ਕਿ ਮਿਸ਼ਨ ਵੱਲੋਂ ਤਿਆਰ ਕਰਵਾਈ ਗਈ। ਇਹ ਗੁਰਮੁਖੀ ਟਾਈਪ ਵਿੱਚ ਸੀ।

1) ਈਸਾਈ ਮਿਸ਼ਨਰੀਆਂ ਵੱਲੋਂ 'ਲੁਧਿਆਣਾ ਮਿਸ਼ਨ' ਕਦੋਂ ਸਥਾਪਤ ਕੀਤਾ ਗਿਆ?
   ੳ) 1837 ਈ. ਵਿੱਚ ਅ) 1873 ਈ. ਵਿੱਚ ੲ) 1931 ਈ. ਵਿੱਚ ਸ) 1843 ਈ. ਵਿੱਚ
2) ਈਸਾਈ ਮਿਸ਼ਨ ਕਿਨ੍ਹਾਂ ਵੱਲੋਂ ਸਥਾਪਤ ਕੀਤਾ ਗਿਆ?
   ੳ) ਮਹਾਰਾਜਾ ਰਣਜੀਤ ਸਿੰਘ ਵੱਲੋਂ ਅ) ਅੰਗਰੇਜ਼ਾਂ ਵੱਲੋਂ ੲ) ਪੰਜਾਬੀਆਂ ਵੱਲੋਂ ਸ) ਭਾਰਤ ਸਰਕਾਰ ਵੱਲੋਂ
3) ਮਿਸ਼ਨ ਨੇ ਸੀਰਾਮਪੁਰ ਵਿਖੇ ਕੀ ਸਥਾਪਤ ਕੀਤਾ?
   ੳ) ਪਰਚਾਰ ਕੇਂਦਰ ਅ) ਛਾਪਾਖ਼ਾਨਾ ੲ) ਮਿਸ਼ਨ ਦਫ਼ਤਰ ਸ) ਲੁਧਿਆਣਾ ਮਿਸ਼ਨ
4) ਉਹ ਕਿਹੜੀ ਬੋਲੀ ਵਿੱਚ ਬਾਈਬਲ ਛਾਪਣਾ ਚਾਹੁੰਦੇ ਸਨ?
   ੳ) ਸਿਰਫ਼ ਪੰਜਾਬੀ ਵਿੱਚ ਅ) ਹਿੰਦੀ ਵਿੱਚ ੲ) ਅੰਗਰੇਜ਼ੀ ਵਿੱਚ ਸ) ਵੱਖੋ-ਵੱਖ ਬੋਲੀਆਂ ਵਿੱਚ
5) ਪੰਜਾਬੀ ਦੀ ਸਭ ਤੋਂ ਪਹਿਲੀ ਪ੍ਰਕਾਸ਼ਨਾ ਕਿਹੜੀ ਸੀ?
   ੳ) ਨਾਵਲ ਅ) ਕਵਿਤਾ ੲ) ਬਾਈਬਲ ਸ) ਸ੍ਰੀ ਗੁਰੂ ਗ੍ਰੰਥ ਸਾਹਿਬ
6) ਈਸਾਈ ਮਸ਼ਿਨਰੀ ਭਾਰਤ ਕਿਉਂ ਆਏ ਸਨ?
   ੳ) ਈਸਾਈ ਮੱਤ ਦੇ ਪ੍ਰਚਾਰ ਲਈ
   ਅ) ਲੁਧਿਆਣਾ ਮਿਸ਼ਨ ਸਥਾਪਤ ਕਰਨ ਲਈ
   ੲ) ਗੁਰਮੁਖੀ ਵਿੱਚ ਬਾਈਬਲ ਛਾਪਣ ਲਈ
   ਸ) ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣ ਲਈ

7) ਇਸਾਈ ਮਿਸ਼ਨਰੀਆਂ ਵੱਲੋਂ ਛਾਪੀ ਗਈ ਪੰਜਾਬੀ ਇੰਜੀਲ ਦੀ ਲਿਪੀ ਕਿਹੜੀ ਸੀ?

ੳ) ਅੰਗਰੇਜ਼ੀ   ਅ) ਗੁਰਮੁਖੀ   ੲ) ਰੋਮਨ   ਸ) ਉਰਦੂ

8) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ:

ੳ) ਪੰਜਾਬੀ ਦੀ ਪਹਿਲੀ ਪ੍ਰਕਾਸ਼ਨਾ   ਅ) ਈਸਾਈਆਂ ਦਾ ਲੁਧਿਆਣਾ ਮਿਸ਼ਨ

ੲ) ਮਹਾਰਾਜਾ ਰਣਜੀਤ ਸਿੰਘ ਦਾ ਰਾਜ   ਸ) ਬਾਈਬਲ ਅਤੇ ਮਿਸ਼ਨ

**ਪ੍ਰਭਾਵਸ਼ਾਲੀ ਲਿਖਣ - ਕੌਸ਼ਲ**

**ਪ੍ਰ2.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਵਿਦੇਸ਼ ਭੇਜਣ ਦੇ ਝਾਂਸੇ ਹੇਠ ਠੱਗੀ ਮਾਰ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕਰੋ। **(8)**

**ਜਾਂ**

ਕਿਸੇ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਪੇਂਡੂ ਹਸਪਤਾਲਾਂ ਦੀ ਹਾਲਤ ਬਾਰੇ ਟਿੱਪਣੀ ਕਰੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ 'ਤੇ (125-150) ਸ਼ਬਦਾਂ ਦਾ ਲੇਖ ਲਿਖੋ:** **(7)**

**ਸਮਾਜ ਵਿੱਚ ਬਜ਼ੁਰਗਾਂ ਦਾ ਸਥਾਨ**

**ਜਾਂ**

**ਪਾਣੀ ਦਾ ਨੀਵਾਂ ਹੋ ਰਿਹਾ ਪੱਧਰ**

**ਪ੍ਰ4.** ਖ਼ੂਨ-ਦਾਨ ਕੈਂਪ ਲਗਾਉਣ ਸੰਬੰਧੀ ਅਖ਼ਬਾਰ ਲਈ ਇੱਕ ਇਸ਼ਤਿਹਾਰ ਲਿਖੋ। **(6)**

**ਜਾਂ**

ਆਪਣੇ ਭਰਾ ਦੇ ਵਿਆਹ ਲਈ ਆਪਣੇ ਮਾਤਾ-ਪਿਤਾ ਵੱਲੋਂ ਇੱਕ ਸੱਦਾ ਪੱਤਰ ਲਿਖੋ।

**ਵਿਹਾਰਕ ਵਿਆਕਰਨ**

**ਪ੍ਰ5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਛੇ (6) ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਣ:** **(6)**

ਉਧੜ- ਧੁੰਮੀ ਮਚਾਉਣਾ, ਅੱਲ੍ਹੇ ਫੱਟਾਂ 'ਤੇ ਲੂਣ ਛਿੜਕਣਾ, ਸਿਰ ਖੁਰਕਣ ਦੀ ਵਿਹਲ ਨਾ ਹੋਣਾ, ਕਿਤਾਬੀ ਕੀੜਾ ਹੋਣਾ, ਖੰਭ ਲਾ ਕੇ ਉੱਡ ਜਾਣਾ, ਚੱਟਮ ਕਰ ਜਾਣਾ, ਟਕੇ ਵਰਗਾ ਜਵਾਬ ਦੇਣਾ, ਫੁੱਲਾਂ ਵਾਂਗ ਰੱਖਣਾ

**ਪ੍ਰ6. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** **(6)**

Ancient, Civilization, Beach of peace, Definition, Hygiene, Motivation, Discount, Explosive

**ਪ੍ਰ7. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** **(2×4=8)**

i) It is for office use only.

ii) Smoking is injurious to health.

iii) In case of emergency pull chain.

iv) Always shut down computer properly.

v) The adress on the letter must be legible.

ਪਾਠ - ਪੁਸਤਕ 'ਤੇ ਅਧਾਰਤ

ਪ੍ਰ8. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ: (1×6=6)

1. "ਨਿਵਿਆਂ ਲਾਡੋ ਦਾ ਤਾਇਆ, ਜਿਨ੍ਹੇ ਬੇਟੀ ਵਿਆਹੀ,
ਤੂੰ ਕਿਉਂ ਰੋਇਆ ਤਾਇਆ ਜੀ, ਜੱਗ ਹੁੰਦੜੀ ਆਈ।"

ਉਪਰੋਕਤ ਕਾਵਿ-ਸਤਰਾਂ ਕਿਸ ਲੋਕ-ਗੀਤਾਂ ਵਿੱਚੋਂ ਲਈਆਂ ਗਈਆਂ ਹਨ?

ੳ) ਸਾਡਾ ਚਿੜੀਆਂ ਦਾ ਚੰਬਾ ਅ) ਬੇਟੀ, ਚੰਨਣ ਦੇ ਓਹਲੇ
ੲ) ਨਿਵੇਂ ਪਹਾੜਾਂ ਤੇ ਪਰਬਤ ਸ) ਹਰੀਏ ਨੀ ਰਸ ਭਰੀਏ ਖਜੂਰੇ

2. 'ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਜਾਣਾ,
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।'

ੳ) ਪੰਛੀਆਂ ਦੇ ਝੁੰਡ ਨੂੰ ਅ) ਸਿਰਫ਼ ਚਿੜੀਆਂ ਨੂੰ ੲ) ਕੁੜੀਆਂ ਦੇ ਸਮੂਹ ਨੂੰ ਸ) ਸਹੇਲੀਆਂ ਨੂੰ

3. 'ਲੈ ਮੇਰੀ ਮਾਲਣ, ਬੰਨ੍ਹ ਨੀ ਸਿਹਰਾ, ਬੰਨ੍ਹ ਨੀ ਲਾਲ ਜੀ ਦੇ ਮੱਥੇ।' ਕਾਵਿ ਸਤਰਾਂ ਕਿਸ ਨੇ ਕਹੀਆਂ?

ੳ) ਮਾਂ ਨੇ ਅ) ਮਾਲਣ ਨੇ ੲ) ਭੈਣਾਂ ਨੇ ਸ) ਦਾਈਆਂ/ਮਾਈਆਂ ਨੇ

4. 'ਉਮਰਾਵਾਂ ਜਿਹੀ ਤੇਰੀ ਚਾਲ, ਵਿੱਚ ਸਰਦਾਰਾਂ ਦੇ ਤੇਰਾ ਬੈਠਣਾ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।'

ਕਾਵਿ ਸਤਰਾਂ ਵਿੱਚ ਆਏ ਸ਼ਬਦ 'ਉਮਰਾਵਾਂ' ਦਾ ਅਰਥ ਦੱਸੋ।

ੳ) ਹੰਸ ਅ) ਰਾਜੇ ੲ) ਅਮੀਰ ਸਰਦਾਰਾਂ ਸ) ਯੋਧੇ

5. ਜਾਵੀਂ ਉਸ ਪਿੰਡੋਂ ਆਏ, ਜਿੱਥੇ ਟਾਲ੍ਹੀ ਵੀ ਨਾ,
.............................. ਉੱਤੇ ਲਾਲੀ ਵੀ ਨਾ।' ਤੁਕ ਪੂਰੀ ਕਰੋ।

ੳ) ਇਨ੍ਹਾਂ ਦੇ ਤੋਤਿਆਂ ਵਰਗੇ ਮੂੰਹ ਅ) ਇਨ੍ਹਾਂ ਦੇ ਖੱਪੜਾਂ ਵਰਗੇ ਮੂੰਹ
ੲ) ਇਨ੍ਹਾਂ ਦੇ ਪੀਲੇ ਡੱਡੂ ਮੂੰਹ ਸ) ਇਨ੍ਹਾਂ ਦੇ ਤਵਿਆਂ ਵਰਗੇ ਮੂੰਹ

6. 'ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ, ਛੱਡ ਕੇ ਮੈਦਾਨ ਭੱਜ ਗਏ।'
ਟੱਪੇ ਵਿੱਚ ਕਿਹੋ ਜਿਹੇ ਲੋਕਾਂ ਦੀ ਗੱਲ ਕੀਤੀ ਗਈ ਹੈ?

ੳ) ਮੌਕਾਪ੍ਰਸਤ ਅ) ਡਰਪੋਕ ੲ) ਦਲੇਰ ਸ) ਸਾਥ ਨਿਭਾਉਣ ਵਾਲੇ

7. 'ਤੇਰੇ ਬੋਤੇ ਨੂੰ ਗਵਾਰੇ ਦੀਆਂ ਫ਼ਲੀਆਂ,
ਤੈਨੂੰ ਵੀਰਾ ਦੁੱਧ ਦਾ ਛੰਨਾ।'

ਟੱਪੇ ਵਿੱਚ ਆਏ ਸ਼ਬਦ 'ਬੋਤੇ' ਦਾ ਹੋਰ ਨਾਂ ਵੀ ਦੱਸੋ।

ੳ) ਘੋੜਾ ਅ) ਹਾਥੀ ੲ) ਊਠ ਸ) ਸ਼ੇਰ

**ਪ੍ਰ9. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ: (1×6=6)**

1. ਮਲਮਲ ਦੇ ਤਾਂ ਕੁੜਤੇ ਪਾਉਂਦੇ, ਜਿਓਂ ............ ਤਲਾ ਵਿੱਚ ਨ੍ਹਾਵੇ।' ਖਾਲੀ ਥਾਂ ਭਰੋ।

ੳ) ਹੰਸ ਅ) ਬਗਲਾ ੲ) ਭਗਤ ਸ) ਕਬੂਤਰ

2. "ਨਾਲ ਸ਼ੌਕ ਦੇ ਪਾਵਾਂ ਬੋਲੀਆਂ, ਮੈਂ ਨੀ ਕਿਸੇ ਤੋਂ ਡਰਦਾ।
ਨਾਉਂ ਪਰਮੇਸ਼ਰ ਦਾ, ਲੈ ਕੇ ਗਿੱਧੇ ਵਿੱਚ ਵੜਦਾ।"

ਤੁਕਾਂ ਕਿਸ ਪਾਠ ਵਿੱਚੋਂ ਲਈਆਂ ਗਈਆਂ ਹਨ?

ੳ) ਪਿੰਡ ਤਾਂ ਸਾਡੇ ਅ) ਸਾਡੇ ਪਿੰਡ ਦੇ ਮੁੰਡੇ ਵੇਖ ਲਓ
ੲ) ਦੇਸ ਮੇਰੇ ਦੇ ਬਾਂਕੇ ਗੱਭਰੂ ਸ) ਪਿੰਡਾਂ ਵਿੱਚੋਂ ਪਿੰਡ ਸੁਣੀਂਦਾ

3. 'ਮਾਸ ਤੇਰਾ ਕੁੱਤਿਆਂ ਖਾਧਾ, ਹੱਡੀਆਂ ਰੇਤ ਰਲਾਈਆਂ।
ਜਿਉਣੇ ਮੌੜ ਦੀਆਂ ਸੱਤ ਰੰਗੀਆਂ ਭਰਜਾਈਆਂ ..........।' ਜਿਉਣਾ ਮੌੜ ਕੌਣ ਸੀ?
ੳ) ਪ੍ਰੀਤ ਨਾਇਕ ਅ) ਵੀਰ ਨਾਇਕ ੲ) ਰਾਜਾ ਸ) ਆਮ ਇਨਸਾਨ

4. 'ਨੱਚ-ਨੱਚ ਕੇ ਤੂੰ ਹੋ ਗੀ ਦੂਹਰੀ, ਭਾਗ ਗਿੱਧੇ ਨੂੰ ਲਾਇਆ।'
ਪਰੀਏ ਰੂਪ ਦੀਏ, ਤੈਨੂੰ ਰੱਬ ਨੇ ਆਪ ਬਣਾਇਆ।'
ਉਪਰੋਕਤ ਕਾਵਿ ਸਤਰਾਂ ਲੋਕ ਕਾਵਿ ਦੇ ਕਿਸ ਕਾਵਿ-ਰੂਪ ਵਿੱਚੋਂ ਹਨ?
ੳ) ਲੰਮੀਆਂ ਬੋਲੀਆਂ ਅ) ਢੋਲਾ ੲ) ਮਾਹੀਆ ਸ) ਬੁਝਾਰਤਾਂ

5. 'ਸੌਦੇ ਦਿਲਾਂ ਦੇ ਹੁੰਦੇ ਨੇ ...............।'
ਕਾਵਿ ਸਤਰਾਂ ਪੂਰੀਆਂ ਕਰੋ।
ੳ) ਮੁੜ ਬਾਂਹ ਸੁੱਟੀ ਏ ਮਰੋੜ ਕੇ ਅ) ਕਦੇ ਨੇਹੁੰ ਨਾ ਲੱਗਦੇ ਜ਼ੋਰ ਦੇ
ੲ) ਲੜ ਸਲਾਹੀ ਦਾ ਛੋੜ ਦੇ ਸ) ਵੱਸਤੇ ਸਹੇਲੀਆਂ ਦੇ ਕੋਲ ਦੇ

6. 'ਮੱਝੀਂ ਮਾਲ ਵਰਿਆਮਾਂ ਦਾ, ਮਾੜਿਆਂ ਕੋਲ ਨਾ ਰਹਿੰਦੀਆਂ।
ਮੱਝੀਆਂ ਉਡਾਰ ਪਰੀਆਂ ਦਾ, ਨਾਲ਼ ਨਸੀਬਾਂ ਦੇ ਆਂਦੀਆਂ।'
ਮੱਝਾਂ ਨੂੰ ਕਿਹੋ ਜਿਹੇ ਲੋਕ ਹੀ ਰੱਖ ਸਕਦੇ ਹਨ?
ੳ) ਆਮ ਕਿਸਾਨ ਅ) ਖੇਤਾਂ ਦੇ ਮਾਲਕ ੲ) ਵਰਿਆਮ/ਬਹਾਦਰ ਸ) ਕੰਮੀ ਕੰਮੀਣ

7. 'ਤਿੰਨ ਪਿੰਨੀਆਂ ਘਿਓ ਭੁੰਨੀਆਂ,
ਸੱਸ, ਨੂੰਹ, ਨਣਦ ਭਰਜਾਈ, ਮਾਵਾਂ-ਧੀਆਂ, ਇੱਕ-ਇੱਕ ਆਈ।'
ਬੁਝਾਰਤ ਦੱਸੋ।
ੳ) ਕੁੰਜੀ-ਜਿੰਦਰਾ ਅ) ਤਵਾ-ਪਰਾਤ ੲ) ਸੱਸ-ਨੂੰਹ ਸ) ਸੱਸ-ਨੂੰਹ-ਧੀ

**ਪ੍ਰ10.ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ: (2×5=10)**

ੳ) ਸਿੱਠਣੀਆਂ ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ?
ਅ) ਦੁੱਲ੍ਹਾ ਲੋਕਾਂ ਵਿੱਚ ਹਰਮਨ ਪਿਆਰਾ ਕਿਉਂ ਹੋ ਗਿਆ?
ੲ) ਰਾਂਝਾ ਜੋਗੀ ਕਿਵੇਂ ਬਣਿਆ?
ਸ) 'ਦੇਈ-ਦੇਈ ਵੇ ਬਾਬਲਾ' ਸੁਹਾਗ ਵਿੱਚ ਕੁੜੀ ਕਿਹੋ ਜਿਹਾ ਸੱਸ - ਸਹੁਰਾ ਚਾਹੁੰਦੀ ਹੈ?
ਹ) 'ਨਿੱਕੀ ਨਿੱਕ ਬੂੰਦੀ' ਘੋੜੀ ਵਿੱਚ ਭੈਣ ਤੇ ਭਰਜਾਈ ਕਿਹੜੀ ਰਸਮ ਅਦਾ ਕਰਦੀਆਂ ਹਨ?
ਕ) ਮਿਰਜ਼ਾ ਕਿਵੇਂ ਮਾਰਿਆ ਗਿਆ?

**ਪ੍ਰ11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ: (3×3=9)**

ੳ) 'ਸਾਡਾ ਚਿੜੀਆਂ ਦਾ ਚੰਬਾ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
ਅ) ਬੁਝਾਰਤਾਂ ਤੋਂ ਕੀ ਭਾਵ ਹੈ ਅਤੇ ਇਸ ਦੀਆਂ ਮੂਲ ਕਿਸਮਾਂ ਕਿੰਨੀਆਂ ਹਨ?
ੲ) ਕੋਕਲਾਂ ਦੇ ਜੀਵਨ ਦਾ ਅੰਤ ਕਿਵੇਂ ਹੋਇਆ?
ਸ) ਹੀਰ ਰਾਂਝੇ ਦੀ ਪ੍ਰੀਤ ਕਹਾਣੀ ਬਾਰੇ ਤੁਸੀਂ ਕੀ ਜਾਣਦੇ ਹੋ? ਆਪਣੇ ਸ਼ਬਦਾਂ ਵਿੱਚ ਲਿਖੋ।

# BUDHA DAL PUBLIC SCHOOL, PATIALA
## Final Examination (21 February 2025)
### Class - XI
### Paper - Punjabi (104) (Set - B)

**Time: 3 hrs.** **MM: 80**

ਆਮ ਨਿਰਦੇਸ਼:

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਅਡਵਾਂਸ ਪੜ੍ਹਨ ਕੌਸ਼ਲ**

**ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ:** (8)

ਕਵੀ ਸ਼ਾਹ ਮੁਹੰਮਦ ਇੱਕ ਦੇਸ਼-ਭਗਤ ਸੀ। ਪੰਜਾਬ ਦੇ ਕਿਣਕੇ-ਕਿਣਕੇ ਨਾਲ ਉਸ ਦਾ ਮੋਹ ਸੀ, ਉਹ ਪੰਜਾਬ, ਜਿਹੜਾ ਹਿੰਦੂਆਂ ਤੇ ਮੁਸਮਾਨਾਂ ਦਾ ਸਾਂਝਾ ਪੰਜਾਬ ਸੀ। ਇਹੋ ਜਿਹੇ ਆਜ਼ਾਦੀ ਦੇ ਆਸ਼ਕ ਤੇ ਮਨੁੱਖਤਾ ਦੇ ਪੁਜਾਰੀ ਕਵੀ ਨੇ ਜਦੋਂ ਆਪਣੀ ਮਾਤ-ਭੂਮੀ ਉੱਤੇ ਫ਼ਰੰਗੀਆਂ ਦੀ ਨਾਪਾਕ ਨਜ਼ਰ ਪੈਂਦੀ ਦੇਖੀ ਤੇ ਫਿਰ ਦੇਸ਼ ਦੀ ਸੁਤੰਤਰਤਾ ਨੂੰ ਗੋਰਿਆਂ ਦੇ ਪੈਰਾਂ ਹੇਠ ਮਿੱਧੇ ਜਾਂਦਿਆਂ ਦੇਖਿਆ, ਤਾਂ ਉਸ ਦਾ ਕੋਮਲ ਤੇ ਦੇਸ਼-ਭਗਤ ਹਿਰਦਾ ਕੁਰਲਾ ਉੱਠਿਆ। ਉਸ ਨੇ ਆਪਣੀ ਕਲਮ ਦਾ ਮੂੰਹ ਮੋੜਿਆ ਤੇ ਦਿਲ ਦੇ ਖ਼ੂਨ ਨਾਲ ਉਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਉਹ ਜੰਗ ਦਾ ਹਾਲ ਲਿਖਿਆ, ਜਿਸ ਵਿੱਚ ਵੀਰ ਪੰਜਾਬੀਆਂ ਨੂੰ ਆਪਸੀ ਫੁੱਟ ਦਾ ਸ਼ਿਕਾਰ ਹੋ ਕ ਆਪਣੀਆਂ ਕਿਸੇ ਅੱਗੇ ਨਾ ਝੁਕਣ ਵਾਲੀਆਂ ਧੌਣਾਂ ਅੰਗਰੇਜ਼ਾ ਸਾਹਮਣੇ ਝੁਕਾਉਣੀਆਂ ਪਈਆਂ। ਸ਼ਾਹ ਮੁਹੰਮਦ ਆਪਣੀਆਂ ਅੱਖਾਂ ਨਾਲ ਆਪਣੇ ਪਿਆਰੇ ਪੰਜਾਬ ਦੇ ਜੁਆਨਾਂ ਨੂੰ ਸ਼ਤਰੂ ਦੇ ਹੱਥੋਂ ਮਾਰ ਖਾਂਦਾ ਤੱਕਦਾ ਹੈ, ਤਾਂ ਲਹੂ ਦੇ ਘੁੱਟ ਪੀ ਕੇ ਅੱਥਰੂਆਂ ਭਿੱਜੀ ਕਵਿਤਾ ਕਹਿ ਕੇ ਚੁੱਪ ਹੋ ਜਾਂਦਾ ਹੈ - ਉਹ ਕਵਿਤਾ, ਜੋ ਕਦੇ ਮਰ ਨਹੀਂ ਸਕਦੀ, ਜਿਸ ਵਿੱਚ ਪੰਜਾਬ ਦਾ ਦੁਖਦਾਈ ਇਤਿਹਾਸ ਅੰਕਿਤ ਹੈ।

1) ਕਵੀ ਸ਼ਾਹ ਮੁਹੰਮਦ ਕੌਣ ਸੀ?

ੳ) ਮੁਸਲਮਾਨ ਅ) ਅੰਗਰੇਜ਼ ੲ) ਪੁਜਾਰੀ ਸ) ਦੇਸ਼-ਭਗਤ

2) ਉਸ ਨੇ ਆਪਣੀ ਭੂਮੀ ਉੱਤੇ ਕਿਸ ਦੀ ਨਾਪਾਕ ਨਜ਼ਰ ਪੈਂਦੀ ਵੇਖੀ?

ੳ) ਫ਼ਰੰਗੀਆਂ ਦੀ ਅ) ਮੁਸਲਮਾਨਾਂ ਦੀ ੲ) ਮੁਗ਼ਲਾਂ ਦੀ ਸ) ਈਸਾਈਆਂ ਦੀ

3) ਸ਼ਾਹ ਮੁਹੰਮਦ ਨੇ ਕਿਹੜੀ ਜੰਗ ਦਾ ਹਾਲ ਲਿਖਿਆ।

ੳ) ਮੁਗ਼ਲਾਂ ਅਤੇ ਅਫ਼ਗਾਨਾਂ ਦੀ ਅ) ਦੇਸ਼ ਦੀ ਵੰਡ ਦੀ

ੲ) ਅੰਗਰੇਜ਼ਾਂ ਅਤੇ ਸਿੱਖਾਂ ਦੀ ਸ) ਅਕਬਰ ਅਤੇ ਉਸ ਦੇ ਪੁੱਤਰਾਂ ਦੀ

4) 'ਮੋਹ' ਸ਼ਬਦ ਦਾ ਅਰਥ ਚੁਣੋ:

ੳ) ਪਿਆਰ ਅ) ਕਵਿਤਾ ੲ) ਨਫ਼ਰਤ ਸ) ਸੰਦੇਸ਼

5) ਪੰਜਾਬੀਆਂ ਨੇ ਕਿਹਨਾਂ ਸਾਹਮਣੇ ਆਪਣੀਆਂ ਧੌਣਾਂ ਝੁਕਾਈਆਂ?

ੳ) ਮੁਗਲਾਂ ਸਾਹਮਣੇ ਅ) ਹਿੰਦੂਆਂ ਸਾਹਮਣੇ ੲ) ਮੁਸਲਮਾਨਾਂ ਸਾਹਮਣੇ ਸ) ਅੰਗਰੇਜ਼ਾਂ ਸਾਹਮਣੇ

6) 'ਫੁੱਟ ਦਾ ਸ਼ਿਕਾਰ ਹੋਣਾ' ਤੋਂ ਕੀ ਭਾਵ ਹੈ?

ੳ) ਆਪਸੀ ਪਿਆਰ ਵਧਣਾ ਅ) ਆਪਸ ਵਿੱਚ ਲੜਣਾ

ਅ) ਬਹੁਤ ਦੇਰ ਬਾਅਦ ਮਿਲਣਾ ੲ) ਉਪਰੋਕਤ ਵਿੱਚੋਂ ਕੋਈ ਵੀ ਨਹੀਂ

7) ਪੰਜਾਬੀਆਂ ਨੂੰ ਕਿਸ ਦੀ ਫੁੱਟ ਦਾ ਸ਼ਿਕਾਰ ਹੋਣਾ ਪਿਆ?

ੳ) ਅੰਗਰੇਜ਼ਾਂ ਦੀ ਅ) ਹਿੰਦੂਆਂ ਦੀ ੲ) ਮੁਸਲਮਾਨਾਂ ਦੀ ਸ) ਆਪਸੀ

8) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦੱਸੋ:

ੳ) ਕਵੀ ਸ਼ਾਹ ਮੁਹੰਮਦ ਅ) ਜੰਗਨਾਮਾ ੲ) ਆਪਸੀ ਫੁੱਟ ਸ) ਪੰਜਾਬ ਦਾ ਦੁਖਦਾਈ ਇਤਿਹਾਸ

**ਪ੍ਰਭਾਵਸ਼ਾਲੀ ਲਿਖਣ - ਕੌਸ਼ਲ**

**ਪ੍ਰ2.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਰਾਜ ਵਿੱਚ ਤਥਾ-ਕਥਿਤ ਲੱਕੀ ਸਕੀਮਾਂ ਦੀ ਲੁੱਟ ਬਾਰੇ ਆਪਣੇ ਵਿਚਾਰ ਪ੍ਰਗਟਾਓ। **(8)**

**ਜਾਂ**

ਕਿਸੇ ਅਖ਼ਬਾਰੇ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਸੜਕਾਂ ਤੇ ਖੁੱਲ੍ਹੇ ਸ਼ਰਾਬ ਦੇ ਠੇਕਿਆਂ ਬਾਰੇ ਆਪਣੇ ਵਿਚਾਰ ਪ੍ਰਗਟਾਓ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ 'ਤੇ (125-150) ਸ਼ਬਦਾਂ ਦਾ ਲੇਖ ਲਿਖੋ:** **(7)**

**ਬੱਚਿਆਂ ਦੇ ਮਾਂ-ਬਾਪ ਪ੍ਰਤੀ ਫਰਜ਼**

**ਜਾਂ**

**ਵਧਦੀ ਮਹਿੰਗਾਈ**

**ਪ੍ਰ4.** ਪੁੱਤਰ ਨੂੰ ਜਾਇਦਾਦ ਤੋਂ ਬੇਦਖਲ ਕਰਨ ਸੰਬੰਧੀ ਸੂਚਨਾ ਦੇਣ ਵਾਲਾ ਇੱਕ ਇਸ਼ਤਿਹਾਰ ਲਿਖੋ। **(6)**

**ਜਾਂ**

ਆਪਣੀ ਭੈਣ ਦੇ ਵਿਆਹ ਲਈ ਆਪਣੇ ਮਾਤਾ-ਪਿਤਾ ਵੱਲੋਂ ਇੱਕ ਸੱਦਾ ਪੱਤਰ ਲਿਖੋ।

**ਵਿਹਾਰਕ ਵਿਆਕਰਨ**

**ਪ੍ਰ5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਛੇ (6) ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਣ:** **(6)**

ਉਂਗਲਾ ਤੇ ਨਚਾਉਣਾ, ਅੱਖਾਂ ਉੱਤੇ ਬਿਠਾਉਣਾ, ਹਵਾ ਦੇ ਘੋੜੇ ਤੇ ਸਵਾਰ ਹੋਣਾ, ਕੱਚ ਤੋਂ ਕੰਚਨ ਬਣਾਉਣਾ, ਦਸਾਂ ਨਹੁੰਆਂ ਦੀ ਕਿਰਤ ਕਰਨਾ, ਬਾਤ ਦਾ ਬਤੰਗੜ ਬਣਾਉਣਾ, ਵਾਛਾਂ ਖਿੜ ਜਾਣੀਆਂ, ਝਾਂਸੇ ਵਿੱਚ ਆਉਣਾ

**ਪ੍ਰ6. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** **(6)**

Addiction, Client, Document, Will, Hypicracy, Hygiene, Rarely, Kinder garden

**ਪ੍ਰ7. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** **(2×4=8)**

i) Please count the cheques contained herein before use.

ii) You must enter a nominee while taking an insurance policy.

iii) Post office saving bank is useful scheme for salaried persons.

iv) Binary is the language of computer.

v) Smoking is injurious to health.

ਪਾਠ - ਪੁਸਤਕ 'ਤੇ ਅਧਾਰਤ

ਪ੍ਰ8. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ: (1×6=6)

1. "ਦੇਈਂ ਦੇਈਂ ਵੇ ਬਾਬਲਾ ਉਸ ਘਰੇ, ਜਿਥੇ ਦਰਜੀ ਸੀਵੇ ਪੱਟ,
ਇੱਕ ਪਾਵਾਂ ਇੱਕ ਟੰਗਣੇ, ਵੇ ਮੇਰਾ ਸੰਦੂਕਾਂ ਦੇ ਵਿੱਚ ਹੱਥ, ਬਾਬਲ ਤੇਰਾ ਪੁੰਨ ਹੋਵੇ।"

ਇਹ ਕਾਵਿ-ਸਤਰਾਂ ਲੋਕ-ਕਾਵਿ ਦਾ ਕਿਹੜਾ ਰੂਪ ਹਨ?

ੳ) ਸੁਹਾਗ ਅ) ਸਿੱਠਣੀਆਂ ੲ) ਘੋੜੀਆਂ ਸ) ਟੱਪੇ

2. 'ਛੱਜ ਓਹਲੇ ਛਾਣਨੀ ਪਰਾਤ ਓਹਲੇ ਡੋਈ ਵੇ,
ਨਾਨਕੀਆਂ ਦਾ ਮੇਲ ਆਇਆ, ਚੱਜ ਦੀ ਨਾ ਕੋਈ ਵੇ।'
ਇਹ ਸਤਰਾਂ ਕਿਨ੍ਹਾਂ ਵੱਲੋਂ ਸੰਬੋਧਨ ਹਨ?
ੳ) ਨਾਨਕੀਆਂ ਵੱਲੋਂ ਅ) ਦਾਦਕੀਆਂ ਵੱਲੋਂ ੲ) ਭੈਣਾ ਵੱਲੋਂ ਸ) ਗੁਆਂਢਣਾਂ ਵੱਲੋਂ

3. ਖਾਲੀ ਥਾਂ ਭਰੋ:
'ਕਿੱਥੋਂ ਭਾਲਦੈਂ ਬਜੌਰ ਦੀਆਂ ਦਾਖਾਂ, ...................... ਦੇ ਬੀਜ, ਬੀਜ ਕੇ।
ੳ) ਧਰੇਕਾਂ ਅ) ਟਾਹਲੀ ੲ) ਕਿੱਕਰਾਂ ਸ) ਅੰਬਾਂ

4. ਖਾਲੀ ਥਾਂ ਭਰੋ:
'ਜਾਂਞੀ ਉਸ ਪਿੰਡੋਂ ਆਏ, ਜਿੱਥੇ ਰੁੱਖ ਵੀ ਨਾ, ਇਨ੍ਹਾਂ ਦੇ ............. ਵਰਗੇ ਮੂੰਹ, ਉੱਤੇ ਮੁੱਛ ਵੀ ਨਾ'
ੳ) ਘੜਿਆਂ ਅ) ਤੌੜਿਆਂ ੲ) ਕੁੱਜਿਆਂ ਸ) ਸ਼ੇਰਾਂ

5. 'ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ, ਮਾਈ ਨੇ ਦਰਿਆ ਚਲਾ'
ਇਹ ਤੁਕ ਕਿਹੜੇ ਸੁਹਾਗ ਵਿੱਚੋਂ ਲਈ ਗਈ ਹੈ?
ੳ) ਚੜ੍ਹ ਚੁਬਾਰੇ ਸੁੱਤਿਆ ਅ) ਹਰੀਏ ਨੀ ਰਸ ਭਰੀਏ ਖਜੂਰੇ
ੲ) ਸਾਡਾ ਚਿੜੀਆਂ ਦਾ ਚੰਬਾ ਸ) ਅੱਸੂ ਦਾ ਕਾਜ ਰਚਾ

6. ਤੁਕ ਪੂਰੀ ਕਰੋ:
ਹਰੀਏ ਨੀ ਰਸ ਭਰੀਏ ਖਜੂਰੇ .................।
ੳ) ਓਸ ਦਿੱਤਾ ਐਡੀ ਦੂਰ ਏ ਅ) ਮਾਤਾ ਦਿੱਤਾ ਐਡੀ ਦੂਰ ਨੀ
ੲ) ਕਿਨ ਦਿੱਤਾ ਐਡੀ ਦੂਰੇ ਸ) ਬਾਬਾ ਦਿੱਤਾ ਐਡੀ ਦੂਰੇ

7. 'ਇੱਕ ਲੱਖ ਚੰਬਾ ਦੋ ਲੱਖ ਮਰੂਆ, ਤ੍ਰੈ ਲੱਖ ਸਿਹਰੇ ਦਾ ਮੁੱਲ।'
ਤੁਕ ਵਿੱਚ 'ਚੰਬਾ-ਮਰੂਆ' ਦਾ ਕੀ ਅਰਥ ਹੈ?
ੳ) ਇਲਾਕੇ ਦੇ ਨਾਂ ਅ) ਕੀਮਤੀ ਵਸਤਰਾਂ ੲ) ਕੀਮਤੀ ਫੁੱਲਾਂ ਦੇ ਨਾਂ ਸ) ਗਹਿਣੇ

**ਪ੍ਰ9. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ:** (1×6=6)

1. 'ਦੁੱਧ ਕਾਸ਼ਨੀ ਬੰਨ੍ਹਦੇ ਸਾਫ਼ੇ, ਜਿਉਂ ਉੱਡਦਾ ਕਬੂਤਰ ਜਾਵੇ।'
ਤੁਕ ਵਿੱਚ ਆਏ 'ਸਾਫ਼ੇ' ਸ਼ਬਦ ਦਾ ਅਰਥ ਦੱਸੋ।
ੳ) ਚਾਦਰਾ ਅ) ਕੁੜਤਾ ੲ) ਸਿਰ ਤੇ ਬੰਨ੍ਹਣ ਵਾਲਾ ਪਰਦਾ ਸ) ਰੁਮਾਲ

2. 'ਬਾਗ਼ਾਂ ਦੇ ਵਿੱਚ ਸਸਤੀ ਮਿਲਦੀ, ਹੱਟੀਆਂ 'ਤੇ ਮਿਲਦੀ ਮਹਿੰਗੀ'
ਤੁਕਾਂ ਵਿੱਚ ਕਿਸ ਦੀ ਗੱਲ ਕੀਤੀ ਗਈ ਹੈ?
ੳ) ਪੱਤੀਆਂ ਦੀ ਅ) ਫੁੱਲਾਂ ਦੀ ੲ) ਮਹਿੰਦੀ ਦੀ ਸ) ਦਾਤਣਾਂ ਦੀ

3. 'ਮੌਤ ਨਾਲ ਇਹ ਕਰਨ ਮਖ਼ੌਲਾਂ, ਮਸਤੇ ਵਿੱਚ ਪਿਆਰਾਂ।
ਇਹ ਕਾਵਿ-ਸਤਰਾਂ ਕਿਸ ਲੋਕ-ਕਾਵਿ ਰੂਪ 'ਚੋਂ ਹਨ?
ੳ) ਸੁਣ ਨੀ ਕੁੜੀਏ  ਅ) ਕਾਲਿਆਂ ਹਰਨਾ  ੲ) ਮੀਆਂ ਰਾਂਝਾ  ਸ) ਦੇਸ਼ ਮੇਰੇ ਦੇ ਬਾਂਕੇ ਗੱਭਰੂ

4. ਚਰਖੇ ਦੀ ਘੂਕ ਸੁਣ ਕੇ ਕੌਣ ਪਹਾੜੋਂ ਉੱਤਰ ਆਇਆ?
ੳ) ਜੋਗੀ  ਅ) ਸਾਧ  ੲ) ਪੁਜਾਰੀ  ਸ) ਸਿਪਾਹੀ

5. 'ਬੁੱਤ ਬਣੋਟਿਆ ਤੇਰੀ ਪੀਲ ਲੁੜੀਂਦੀ।'
ਕਾਵਿ ਸਤਰਾਂ ਵਿੱਚ 'ਬੁੱਤ' ਕਿਸ ਨੂੰ ਕਿਹਾ ਗਿਆ ਹੈ?
ੳ) ਪਤੀ ਨੂੰ  ਅ) ਪ੍ਰੇਮੀ ਨੂੰ  ੲ) ਜੰਗਲ ਨੂੰ  ਸ) ਵਣ ਦੇ ਰੁੱਖ ਨੂੰ

6. ਸੁੰਦਰ ਮੱਝਾਂ ਅੱਲ੍ਹਾ ਨੇ ਕਿੱਥੋਂ ਲਿਆਂਦੀਆਂ ਹਨ?
ੳ) ਮੰਡੀ ਵਿੱਚੋਂ  ਅ) ਵਪਾਰੀ ਘਰੋਂ  ੲ) ਅਰਸ਼ਾਂ ਤੋਂ  ਸ) ਮਿੱਤਰ ਘਰੋਂ

7. ਲੋਹੇ ਦੀ ਭੰਡੀਰੀ, ਪੀਵੇ ਇਹ ਤੇਲ,
ਦੌੜੇ ਇਹ ਜਦੋਂ, ਮਾਤ ਕਰੇ ਰੇਲ।
ਬੁਝਾਰਤ ਦੱਸੋ।
ੳ) ਟੈਲੀਫੋਨ  ਅ) ਹਵਾਈ ਜਹਾਜ਼  ੲ) ਮੋਟਰ ਕਾਰ  ਸ) ਦੀਵਾ

**ਪ੍ਰ10.ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (2×5=10)

ੳ) ਬੁਝਾਰਤਾਂ ਤੋਂ ਕੀ ਭਾਵ ਹੈ? ਇਹਨਾਂ ਦਾ ਕੀ ਮਹੱਤਵ ਹੁੰਦਾ ਹੈ?
ਅ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਭਾਬੋ ਦੇ ਮਨ ਵਿੱਚ ਚਾਅ ਕਿਉਂ ਹੈ?
ੲ) ਲੂਣਾਂ ਨੇ ਪੂਰਨ ਤੇ ਝੂਠੀ ਤੁਹਮਤ ਕਿਉਂ ਲਗਾਈ?
ਸ) ਲਾਹੌਰ ਦੇ ਹਾਕਮ ਦੁੱਲ੍ਹੇ ਤੋਂ ਕਿਉਂ ਪ੍ਰੇਸ਼ਾਨ ਸਨ?
ਹ) ਹੀਰ ਨੇ ਰਾਂਝੇ ਨੂੰ ਝਮਕਾਂ ਕਿਉਂ ਮਾਰੀਆਂ?
ਕ) ਸਿੱਠਣੀਆਂ ਕਿਹੜੇ ਮੌਕੇ, ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

**ਪ੍ਰ11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:** (3×3=9)

ੳ) 'ਅੱਸੂ ਦਾ ਕਾਜ ਰਚਾ' ਸੁਹਾਗ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
ਅ) ਹੀਰ-ਰਾਂਝਾ ਪ੍ਰੀਤ ਕਹਾਣੀ ਦੇ ਅੰਤ ਬਾਰੇ ਦੋ ਰਵਾਇਤਾਂ ਕਿਵੇਂ ਹਨ?
ੲ) ਕੋਕਲਾਂ ਕੌਣ ਸੀ? ਉਹ ਰਾਜਾ ਰਸਾਲੂ ਦੇ ਜੀਵਨ ਵਿੱਚ ਕਿਵੇਂ ਆਈ
ਸ) ਮਿਰਜ਼ਾ-ਸਾਹਿਬਾਂ ਦੀ ਪ੍ਰੀਤ ਕਹਾਣੀ ਬਾਰੇ ਤੁਸੀਂ ਕੀ ਜਾਣਦੇ ਹੋ? ਆਪਣੇ ਸ਼ਬਦਾਂ ਵਿੱਚੋਂ ਲਿਖੋ।